# ਨਿਸ਼ਾਨ

ਪੁਰਾਣੇ ਸਮੇ ਵਿੱਚ ਘੱਰ ਮਿਟੀ ਦੇ ਹੁੰਦੇ ਸਨ ।

ਕੰਧਾ ਕੱਚੀਆ ਮਿਟੀ ਦੀਆ ਹੁਦੀਆ ਸਨ ।

ਲੋਕ ਸੱਚ ਬੋਲਣ ਵਿਚ ਵਿਸਵਾਸ ਰੱਖਦੇ ਸਨ ।

ਇਕ ਦਿਨ ਇਕ ਲੱੜਕੇ ਤੋ ਕੋਈ ਗੱਲਤ ਕੰਮ ਹੋ ਗਿਆ ।

ਉਸ ਨੇ ਘਰ ਆ ਕੇ ਆਪਣੇ ਦਾਦੇ ਜੀ ਨੂੰ ਦੱਸਿਆ ਕਿ ਮੈ ਅੱਜ ਇਕ ਗੱਲਤ ਕੰਮ ਕੀਤਾ।

ਦਾਦਾ ਜੀ ਕਹਿਦੇ, "ਕੋਈ ਨਹੀ ਪੁਤ ਜੇ ਕੋਈ ਗੱਲਤ ਕੰਮ ਹੋ ਜਾਵੇ, ਤਾ ਘਰ ਅੰਦਰ ਕੰਦ ਵਿਚ ਇਕ ਕੀਲਾ ਗੱਡ ਦਿਆ ਕਰ ।"

ਲੱੜਕਾ ਗੱਲਤ ਕੰਮ ਕਰਦਾ ਗਿਆ ਅਤੇ ਘਰ ਅੰਦਰ ਕੱਧਾ ਵਿਚ ਕੀਲੇ ਗੱਡਦਾ ਗਿਆ । ਇਸ ਤਰਾਂ ਲੱੜਕੇ ਨੇ ਕੋਈ ਬੀਹ-ਪੱਚੀ ਕੀਲੇ ਗੱਡ ਦਿਤੇ ।

ਦਾਦਾ ਦੇਖਦਾ ਗਿਆ ਅਤੇ ਹੈਰਾਨ ਹੁੰਦਾ ਗਿਆ ਕਿ ਮੇਰਾ ਪੋਤਾ ਹਰਰੋਜ ਗਲਤ ਕੰਮ ਕਰਦਾ।

ਇਕ ਦਿਨ ਦਾਦੇ ਨੇ ਲੱੜਕੇ ਨੂੰ ਬੁਲਾ ਕੇ ਕਿਹਾ, "ਕਾਕਾ ਅੱਜ ਕੋਈ ਚੰਗਾ ਕੰਮ ਕਰਕੇ ਆਈ ।

ਲੜਕਾ ਛਾਮ ਨੂੰ ਚੰਗਾ ਕੰਮ ਕਰਕੇ ਘਰ ਆ ਗਿਆ। ਫਿਰ ਉਸਨੇ ਆਪਣੇ ਦਾਦਾ ਜੀ ਨੂੰ ਦੱਸਿਆ ਕਿ ਮੈ ਅੱਜ ਇਕ ਚੰਗਾ ਕੰਮ ਕਰਕੇ ਆਇਆ ।

**Updated: July 24, 2007**

ਦਾਦਾ ਬਹੁਤ ਖੁਸ ਹੋਇਆ ਅਤੇ ਕਹਿਦਾ, "ਕਾਕਾ ਇਕ ਕੀਲਾ ਕੰਧ ਵਿਚੋ ਨਿਕਾਲ ਦੇ ਕਿਉਕੇ ਤੂੰ ਅੱਜ ਇਕ ਚੰਗਾ ਕੰਮ ਕੀਤਾ ।"

ਲੜਕੇ ਨੇ ਖੁਸ ਹੋਕੇ ਇਕ ਕੀਲਾ ਕੰਧ ਵਿਚੋ ਨਿਕਾਲ ਦਿਤਾ ।

ਲੱੜਕਾ ਚੰਗੇ ਕੰਮ ਕਰਦਾ ਗਿਆ ਅਤੇ ਘਰ ਅੰਦਰ ਕੱਧਾ ਤੋ ਇਕ-ਇਕ ਕਰਕੇ ਕੀਲਾ ਪੱਟਦਾ ਚਲਿਆ ਗਿਆ ।

ਇਸ ਤਰਾਂ ਲੱੜਕੇ ਨੇ ਸਾਰੇ ਕੀਲੇ ਪੱਟ ਦਿਤੇ ।

ਫਿਰ ਲੱੜਕਾ ਦਾਦੇ ਨੂੰ ਕਹਿਦਾ, "ਦਾਦਾ ਜੀ ਮੈ ਸਾਰੇ ਕੀਲੇ ਪੱਟ ਦਿਤੇ ਕਿਉਕੇ ਮੈ ਜਿੰਨੇ ਮਾੜੇ ਕੰਮ ਕੀਤੇ ਸੀ ਉਨੇ ਹੀ ਚੰਗੇ ਕੰਮ ਕਰ ਦਿਤੇ ।

ਦਾਦੇ ਨੇ ਉਸ ਲੜਕੇ ਨੂੰ ਕਿਹਾ, "ਕਾਕਾ ਦੇਖ ਕੀਲੇ ਤਾ ਪੱਟੇ ਗਏ, ਪਰ ਕੀਲਿਆ ਦੇ ਨਿਸ਼ਾਨ ਅਜੇ ਤੱਕ ਕੰਧਾ ਉਤੇ ਹੱਨ । ਹੁਣ ਤੂੰ ਜਿੰਨੇ ਮੱਰਜੀ ਚੰਗੇ ਕੰਮ ਕਰ, ਪਰ ਜਿਹੜੇ ਕੰਮ ਤੂੰ ਪਹਿਲਾ ਬੁਰੇ ਕਰ ਚੁਕਿਆ, ਉਹਨਾ ਦੇ ਨਿਸ਼ਾਨ ਨਹੀ ਜਾਣੇ ।

ਸਿਟਾ : ਪੁਤਰਾ! ਹਰ ਕੰਮ ਪਹਿਲੀ ਵਾਰ ਸੋਚ ਸੰਮਝ ਕੇ ਕਰਨਾ ਚਾਹੀਦਾ ।

ਲੋਰੀ ਸਾਉਣ ਲੱਗੇ:ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌ ਜਾਈਦਾ - ਦੂਜਿਆ ਦੀ ਨੀਦ ਖਰਾਬ ਨਹੀ ਕਰੀਦੀ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**Updated: July 24, 2007**